# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

ਕਾਲਜ ਸੈਕਸ਼ਨ

ਨੰ. 2124/ਕਾਲਜਾਂ/ਸ-2
ਮਿਤੀ 29/7/25

ਪੰਜਾਬੀ ਯੂਨੀਵਰਸਿਟੀ ਨਾਲ ਸਬੰਧਤ ਸਮੂਹ,
ਐਜੂਕੇਸ਼ਨ ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨ ਨੂੰ

ਵਿਸ਼ਾ: ਯੂ.ਜੀ.ਸੀ., ਨਵੀਂ ਦਿੱਲੀ ਵੱਲੋਂ ਜਾਰੀ ਨੋਟੀਫਿਕੇਸ਼ਨ ਨੰ. F.3.1/2009 ਮਿਤੀ 30.06.2010 ( Regulation of NCTE) ਅਨੁਸਾਰ ਐਜੂਕੇਸ਼ਨ ਕਾਲਜਾਂ ਵਿਖੇ ਟੀਚਿੰਗ ਅਮਲੇ ਦੀਆਂ ਯੋਗਤਾਵਾਂ ਵਿੱਚ ਨੈਟ ਦੇ ਵਿਸ਼ੇ ਸਬੰਧੀ।

ਸ੍ਰੀਮਾਨ/ਸ੍ਰੀਮਤੀ ਜੀ

ਉਪਰੋਕਤ ਵਿਸ਼ੇ ਸਬੰਧੀ ਮਿਤੀ 12.05.2025 ਨੂੰ ਹੋਈ ਸਟੈਂਡਿੰਗ ਕਮੇਟੀ ਦੀ ਇਕੱਤਰਤਾ ਦੀ ਕਾਰਵਾਈ ਵਿੱਚ ਕੀਤੀਆਂ ਗਈਆ ਸਿਫਾਰਸ਼ਾਂ ਨੂੰ ਮਾਨਯੋਗ ਵਾਈਸ ਚਾਂਸਲਰ ਸਾਹਿਬ ਵੱਲੋਂ ਪ੍ਰਵਾਨ ਕਰਦੇ ਹੋਏ ਸਬੰਧਤ ਸਮੂਹ ਐਜੂਕੇਸ਼ਨ ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਚੇਰੀ ਸਿੱਖਿਆ ਦੇ ਮਿਆਰ ਨੂੰ ਬਰਕਰਾਰ ਰੱਖਣ ਲਈ ਐਨ.ਸੀ.ਟੀ.ਈ. ਵੱਲੋਂ ਲਗਾਤਾਰ ITEP ਕੋਰਸਾਂ ਲਈ ਨਵੀਆਂ ਗਾਈਡਲਾਈਨਜ਼ ਤਿਆਰ ਕੀਤੀਆ ਜਾ ਰਹੀਆਂ ਹਨ। ਇਸ ਲਈ ਦਫਤਰ ਵੱਲੋਂ ਪਹਿਲਾਂ ਜਾਰੀ ਪੱਤਰ 15354-15434/ਕਾਲਜਾਂ/ਸ-2 ਮਿਤੀ 09.09.2015 ਨੂੰ ਰੱਦ ਕਰਦੇ ਹੋਏ ਐਨ.ਸੀ.ਟੀ.ਈ. ਵੱਲੋਂ ਸਮੇਂ ਸਮੇਂ ਤੇ ਜਾਰੀ ਕੀਤੇ ਜਾਣ ਵਾਲੇ ਨਿਯਮਾਂ ਦੀ ਇੰਨ ਬਿੰਨ ਪਾਲਣਾ ਕਰਨੀ ਉਚਿਤ ਹੋਵੇਗੀ।

28/07/2025

ਡੀਨ, ਕਾਲਜ ਵਿਕਾਸ ਕੌਂਸਲ